# 9th India-Colombia Foreign Office Consultations

May 07, 2021

........................................................................................................

## ਭਾਰਤ-ਕੋਲੰਬੀਆ ਦੇ ਵਿਦੇਸ਼ ਦਫਤਰਾਂ ਦਰਮਿਆਨ 9ਵੇਂ ਸਲਾਹ - ਮਸ਼ਵਰੇ

7 ਮਈ, 2021

1. ਭਾਰਤ-ਕੋਲੰਬੀਆ ਦੇ ਵਿਦੇਸ਼ ਦਫਤਰਾਂ ਦਰਮਿਆਨ 9ਵੇਂ ਸਲਾਹ - ਮਸ਼ਵਰੇ 7 ਮਈ, 2021 ਨੂੰ ਵੀਡੀਓ ਕਾਨਫਰੰਸ ਰਾਹੀਂ ਹੋਏ।

2. ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀਮਤੀ ਰਿਵਾ ਗਾਂਗੁਲੀ ਦਾਸ ਨੇ ਕੀਤੀ। ਕੋਲੰਬੀਆਈ ਪੱਖ ਦੀ ਅਗਵਾਈ ਕੋਲੰਬੀਆਈ ਵਿਦੇਸ਼ ਮੰਤਰਾਲੇ ਦੇ ਵਿਦੇਸ਼ ਉਪ -ਮੰਤਰੀ ਸ਼੍ਰੀ ਫ੍ਰਾਂਸਿਸਕੋ ਜੇਵੀਅਰ ਈਚੇਵਰਰੀ ਨੇ ਕੀਤੀ।

3. ਚਾਰ ਸਾਲਾਂ ਬਾਅਦ ਹੋਏ ਇਹ ਵਿਚਾਰ-ਵਟਾਂਦਰੇ ਸੁਹਿਰਦ ਦੁਵੱਲੇ ਸੰਬੰਧਾਂ ਨੂੰ ਦਰਸਾਉਂਦੇ ਹੋਏ ਮਾਹੌਲ ਵਿਚ ਹੋਏ ਅਤੇ ਇਨ੍ਹਾਂ ਨਾਲ ਰਾਜਨੀਤਿਕ, ਵਪਾਰਕ ਅਤੇ ਆਰਥਿਕ ਸਹਿਯੋਗ, ਖੇਤੀਬਾੜੀ, ਪੁਲਾੜ, ਊਰਜਾ, ਸਿਹਤ ਅਤੇ ਫਾਰਮਾਸਿਉਟਿਕਲਸ, ਸੈਰ-ਸਪਾਟਾ, ਸੂਚਨਾ ਟੈਕਨੋਲੋਜੀ, ਸਿੱਖਿਆ, ਵਿਕਾਸ ਭਾਈਵਾਲੀ, ਖੇਡਾਂ ਅਤੇ ਸਭਿਆਚਾਰ ਸਮੇਤ ਸਮੁੱਚੇ ਦੁਵੱਲੇ ਸਹਿਯੋਗ ਦੀ ਸਮੀਖਿਆ ਕਰਨ ਦਾ ਮੌਕਾ ਮਿਲਿਆ। ਦੋਨਾਂ ਪੱਖਾਂ ਨੇ ਸਥਾਪਿਤ ਦੁਵੱਲੀ ਸੰਵਾਦ ਪ੍ਰਣਾਲੀ ਰਾਹੀਂ ਇਨ੍ਹਾਂ ਖੇਤਰਾਂ ਵਿਚ ਸੰਵਾਦ ਨੂੰ ਹੋਰ ਤੇਜ਼ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ।

4. ਦੋਵਾਂ ਧਿਰਾਂ ਨੇ COVID -19 ਮਹਾਂਮਾਰੀ ਦੇ ਪ੍ਰਭਾਵਾਂ ਨਾਲ ਨਜਿੱਠਣ ਅਤੇ ਇਨ੍ਹਾਂ ਤੋਂ ਨਿਜਾਤ ਹਾਸਲ ਕਰਨ ਲਈ ਆਪੋ-ਆਪਣੀਆਂ ਰਾਸ਼ਟਰੀ ਰਣਨੀਤੀਆਂ ਅਤੇ ਸਰਬੋਤਮ ਪ੍ਰਥਾਵਾਂ, ਪ੍ਰਬੰਧਨ ਰਣਨੀਤੀਆਂ ਅਤੇ ਡਾਕਟਰੀ ਖੋਜ ਦੇ ਆਦਾਨ-ਪ੍ਰਦਾਨ ਵਿੱਚ ਸਹਿਯੋਗ ਦੇ ਸੰਭਾਵਿਤ ਖੇਤਰਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

5. ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਵਿਚ ਸਹਿਯੋਗ ਸਣੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਦਿਲਚਸਪੀ ਦੇ ਬਹੁਪੱਖੀ ਮੁੱਦਿਆਂ 'ਤੇ ਇਕ ਦੂਜੇ ਨਾਲ ਨੇੜਿਓਂ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
7 ਮਈ, 2021

DISCLAIMER: This is an approximate translation. The original is available in English on MEA’s website and may be referred to as the official press release.